**PUNJAB STATE POWER CORPORATION LIMITED**
**Office of Engineer-in-Chief /PP&R, D-3, Shakti Vihar, Patiala**
**Tele Fax: 0175-2970894 E-mail: ce-ppr@pspcl.in**
**Regd. Office: PSEB Head Office, The Mall Patiala-147001**
**Corporate Identity No. U40109PB2010SGC033813 Website: www.pspcl.in**

# PUBLIC NOTICE

For inviting objections in respect of Petition No. 20 of 2019 filed by Punjab State Power Corporation Limited under section 42 (4) of the Electricity Act 2003 read with Regulation 27 of the PSERC (Terms and Conditions for Intra State Open Access) Regulations, 2011 for determination of additional surcharge payable by open access consumers situated within the area of supply of Punjab State Power Corporation Limited (PSPCL) and purchasing power from within/ outside the said Area of supply/ State Periphery from the sources other than PSPCL.

1. Notice is hereby given to all that the Punjab State Power Corporation Limited (PSPCL) has filed subject cited Petition No. 20 of 2019 for determination of additional surcharge for the period 01.10.2019 to 31.03.2020.

2 .The petition along filed by PSPCL before the Hon'ble Commission is available on the website of PSPCL i.e. www.pspcl.in and the website of the commission i.e. www.pserc.gov.in and can be downloaded there-from.

3. Objections against the Petition filed by PSPCL together with supporting material may be filed with the Secretary, Punjab State Electricity Regulatory Commission, Site No. 3, Madhya Marg, Sector-18A, Chandigarh-160018, in person or through Registered Post so as to reach him within **21 days** of the publication of this notice. Copy of the same must also be sent to Chief Engineer/ARR & TR, PSPCL, F-4, Shakti Vihar, Patiala and proof of service of the same must be enclosed with the filing made to Secretary, Punjab State Electricity Regulatory Commission, Chandigarh.

4. The objections should carry full name, signature, postal address and telephone/mobile number of the person sending the objections. All the objectors may also send a soft copy of their objections to the Secretary/ PSERC at e-mail ID "secretarypsercchd@gmail.com". If the objection is filed on behalf of any organization or any class of consumers, it should be so mentioned.

5. The petition shall be taken up for hearing by the Hon'ble Commission on 21.11.19 **at 11.00** am in the Commission's office at Site No. 3, Madhya Marg, Sector-18A, Chandigarh. All the objectors who have filed their objections by the last date for filing of the objections and other persons/ organizations interested in presenting their views/suggestions on the above mentioned matter are invited to participate in the hearing before the Hon'ble Commission.

**Engineer-in-Chief / Power Purchase & Regulation**
**PSPCL, Patiala**

**Click here for Annexures**

# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ
## ਦਫਤਰ: ਪ੍ਰਮੁੱਖ ਇੰਜੀਨੀਅਰ/ਪੀ.ਪੀ.ਅਤੇ ਆਰ, ਡੀ-3, ਸ਼ਕਤੀ ਵਿਹਾਰ, ਪਟਿਆਲਾ
## ਟੈਲੀ ਨੰ: 0175-2970894, ਈ.ਮੈਲ: ce-ppr@pspcl.in
## ਰਜਿ: ਦਫਤਰ: ਪੀ.ਐਸ.ਈ.ਬੀ, ਹੈਡ ਆਫਿਸ ਦੀ ਮਾਲ, ਪਟਿਆਲਾ-147001
## ਕਾਰਪੋਰੇਟ ਪਛਾਣ ਨੰ: U40109PB2010SGC033813 ਵੈਬਸਾਈਟ: www.pspcl.in

**ਜਨਤਕ ਸੂਚਨਾ**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਲੋਂ ਰੈਗੂਲੇਟਰੀ ਕਮਿਸ਼ਨ ਵਿਚ ਪਟੀਸ਼ਨ ਨੰ: 20 /2019 ਬਿਜਲੀ ਐਕਟ 2003 ਦੇ ਸੈਕਸ਼ਨ 42(4) ਅਤੇ ਪੀ ਐਸ ਈ ਆਰ ਸੀ ਰੈਗੂਲੇਸ਼ਨ 27 ਨਾਲ ਪੜਿਆ ਜਾਵੇ (ਟਰਮਜ਼ ਐਂਡ ਕੰਡੀਸ਼ਨਜ਼ ਫਾਰ ਇੰਨਟਰਾ ਸਟੇਟ ਓਪਨ ਐਕਸੈਸ) ਰੈਗੂਲੇਸ਼ਨ 2011, ਅਧੀਨ ਦਾਇਰ ਕੀਤੀ ਗਈ ਹੈ । ਇਹ ਪਟੀਸ਼ਨ ਪੀ ਐਸ ਪੀ ਸੀ ਐਲ ਦੇ ਖੇਤਰ ਅਧੀਨ ਆਉਂਦੇ ਓਪਨ ਐਕਸੈਸ ਖਪਤਕਾਰ, ਜੋ ਕਿ ਇਸ ਖੇਤਰ/ਰਾਜ ਸੀਮਾਂ ਅਧੀਨ/ਬਾਹਰ ਤੋਂ ਪੀ ਐਸ ਪੀ ਸੀ ਐਲ ਤੋਂ ਇਲਾਵਾ ਹੋਰ ਸਰੋਤਾਂ ਤੋਂ ਬਿਜਲੀ ਦੀ ਖਰੀਦ ਕਰਦੇ ਹਨ, ਉਪਰ ਐਡੀਸ਼ਨਲ ਸਰਚਾਰਜ ਨਿਰਧਾਰਿਤ ਕਰਨ ਲਈ ਦਾਇਰ ਕੀਤੀ ਗਈ ਹੈ ਜਿਸ ਦੇ ਸਬੰਧ ਵਿਚ ਆਮ ਜਨਤਾ /ਸਟੈਕ ਹੋਲਡਰਾਂ ਤੋਂ ਇਸ ਸਬੰਧੀ ਇਤਰਾਜ਼ ਲੈਣ ਸਬੰਧੀ ਜਨਤਕ ਸੂਚਨਾ ਲਈ ਨੋਟਿਸ ਦਿੱਤਾ ਜਾਂਦਾ ਹੈ ।

1) ਸਾਰਿਆਂ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਲੋਂ ਰੈਗੂਲੇਟਰੀ ਕਮਿਸ਼ਨ ਵਿਚ ਪਟੀਸ਼ਨ ਨੰ: 20/2019 ਓਪਨ ਐਕਸੈਸ ਖਪਤਕਾਰਾਂ ਉਪਰ ਐਡੀਸ਼ਨਲ ਸਰਚਾਰਜ ਸਮਾਂ 01.10.2019 ਤੋਂ 31.03.2020 ਤੱਕ ਨਿਰਧਾਰਿਤ ਕਰਨ ਲਈ ਦਾਇਰ ਕੀਤੀ ਗਈ ਹੈ ।

2) ਪੀ ਐਸ ਪੀ ਸੀ ਐਲ ਵਲੋਂ ਦਾਇਰ ਪਟੀਸ਼ਨ, ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ www.pspcl.in ਉਪਰ ਅਤੇ ਪੀ ਐਸ ਈ ਆਰ ਸੀ ਦੀ ਵੈਬਸਾਈਟ www.pserc.gov.in ਤੇ ਉਪਲਬਧ ਹਨ ਅਤੇ ਉਥੋ ਇਹ ਡਾਊਨਲੋਡ ਕੀਤੀ ਜਾ ਸਕਦੀ ਹੈ।

3) ਇਸ ਪਟੀਸ਼ਨ ਵਿਰੁੱਧ ਆਪਣੇ ਇਤਰਾਜ਼ ਸਮੇਤ ਸਬੰਧਤ ਸਮੱਗਰੀ ਸਕੱਤਰ/ਪੰਜਾਬ ਰਾਜ ਬਿਜਲੀ ਰੈਗੂਲੈਟਰੀ ਕਮਿਸ਼ਨ, ਸਾਈਟ ਨੰ: 3, ਮਧਿਆ ਮਾਰਗ, ਸੈਕਟਰ-18ਏ, ਚੰਡੀਗੜ੍ਹ-160018 ਵਿਖੇ ਖੁਦ ਪੇਸ਼ ਹੋ ਕੇ ਜਾਂ ਰਜਿਸਟਰਡ ਡਾਕ ਰਾਹੀਂ ਇਸ ਨੋਟਿਸ ਦੇ ਛਪਣ ਦੇ **21 ਦਿਨਾਂ** ਦੇ ਅੰਦਰ ਅੰਦਰ ਦਾਇਰ ਕੀਤੇ ਜਾ ਸਕਦੇ ਹਨ । ਇਨ੍ਹਾਂ ਦੀ ਇਕ ਕਾਪੀ ਮੁੱਖ ਇੰਜੀਨੀਅਰ/ਏ.ਆਰ.ਆਰ ਅਤੇ ਟੀ.ਆਰ, ਪੀ.ਐਸ.ਪੀ.ਸੀ.ਐਲ, ਐਫ-4, ਸ਼ਕਤੀ ਵਿਹਾਰ, ਪਟਿਆਲਾ ਦੇ ਦਫਤਰ ਵਿੱਚ ਵੀ ਭੇਜੀ ਜਾਵੇ ਅਤੇ ਇਸ ਦਾ ਸਬੂਤ ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੈਟਰੀ ਕਮਿਸ਼ਨ ਕੋਲ ਫਾਈਲ ਕਰਨ ਸਮੇਂ ਨਾਲ ਨੱਥੀ ਕੀਤਾ ਜਾਵੇ ।

4) ਇਨ੍ਹਾਂ ਇਤਰਾਜ਼ਾਂ ਨੂੰ ਇਤਰਾਜ਼ਕਰਤਾ ਵਲੋਂ ਆਪਣੇ ਪੂਰੇ ਨਾਮ, ਹਸਤਾਖ਼ਰ, ਪਤਾ ਅਤੇ ਟੈਲੀਫੂਨ / ਮੋਬਾਈਲ ਨੰ: ਸਮੇਤ ਦਾਇਰ ਕੀਤਾ ਜਾਣਾ ਚਾਹੀਦਾ ਹੈ । ਸਾਰੇ ਇਤਰਾਜ਼ਕਰਤਾ ਆਪਣੇ ਇਤਰਾਜ਼ਾ ਦੀ ਸੋਫਟ ਕਾਪੀ ਸਕੱਤਰ/ਪੀ.ਐਸ.ਈ.ਆਰ.ਸੀ. ਨੂੰ ਵੀ ਈਮੇਲ ਆਈ.ਡੀ. secretarypsercchd@gmail.com ਤੇ ਭੇਜ਼ ਸਕਦੇ ਹਨ। ਜੇਕਰ ਇਤਰਾਜ਼ ਕਿਸੇ ਵੀ ਵਰਗ ਜਾਂ ਕਿਸੇ ਵੀ ਕਿਸਮ ਦੇ ਖਪਤਕਾਰਾਂ ਦੇ ਬਦਲੇ ਦਾਇਰ ਕੀਤਾ ਜਾਂਦਾ ਹੈ ਤਾਂ ਇਸ ਦਾ ਵੀ ਪੂਰਾ ਵੇਰਵਾ ਦਿੱਤਾ ਜਾਵੇ ।

5) ਪਟੀਸ਼ਨ ਤੇ ਮਾਨਯੋਗ ਕਮਿਸ਼ਨ ਵਲੋਂ ਸੁਣਵਾਈ ਮਿਤੀ 21.**11.19 ਨੂੰ ਸਵੇਰੇ 11.00** ਵਜੇ ਦਫਤਰ: ਸਾਈਟ ਨੰ: 3, ਮਧਿਆ ਮਾਰਗ, ਸੈਕਟਰ-18ਏ, ਚੰਡੀਗੜ੍ਹ ਵਿਖੇ ਹੋਵੇਗੀ । ਇਤਰਾਜ਼ ਦਾਇਰ ਕਰਨ ਦੀ ਆਖਰੀ ਮਿਤੀ ਤੱਕ ਆਪਣੇ ਇਤਰਾਜ਼ ਦਾਇਰ ਕਰਨ ਵਾਲੇ ਸਾਰੇ ਇਤਰਾਜ਼ਕਰਤਾ ਅਤੇ ਹੋਰ ਵਿਅਕਤੀ/ਸੰਸਥਾਵਾਂ ਜੋ ਉਪਰੋਕਤ ਮਾਮਲੇ ਤੇ ਆਪਣੇ ਵਿਚਾਰ/ਸੁਝਾਅ ਪੇਸ਼ ਕਰਨ ਦੇ ਚਾਹਵਾਨ ਹੋਣ, ਨੂੰ ਮਾਨਯੋਗ ਕਮਿਸ਼ਨ ਅੱਗੇ ਸੁਣਵਾਈ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

**ਪ੍ਰਮੁੱਖ ਇੰਜੀਨੀਅਰ/ਪਾਵਰ ਪਰਚੇਜ਼ ਅਤੇ ਰੈਗੂਲੇਸ਼ਨ,**
**ਪੀ.ਐਸ.ਪੀ.ਸੀ.ਐਲ, ਪਟਿਆਲਾ।**